# The Employment Litigation Section (ਰੁਜ਼ਗਾਰ ਮੁਕੱਦਮਾ ਦੀ ਧਾਰਾ, ELS)

ELS ਇੱਕ ਵਿਅਕਤੀ ਦੇ ਹੇਠਾਂ ਦਿੱਤੇ ਗਏ ਪਹਿਲੂਆਂ ਦੇ ਅਧਾਰ 'ਤੇ ਰਾਜ ਅਤੇ ਸਥਾਨਕ ਸਰਕਾਰੀ ਕਾਰਜ ਅਸਥਾਨਾਂ ਵਿੱਚ ਵਿਤਕਰੇ ਨੂੰ ਰੋਕਣ ਲਈ ਕੰਮ ਕਰਦੀ ਹੈ:

- ਨਸਲ;
- ਰੰਗ;
- ਧਰਮ;
- ਲਿੰਗ (ਗਰਭ ਅਵਸਥਾ ਅਤੇ ਸੰਬੰਧਿਤ ਸਥਿਤੀਆਂ, ਜਿਨਸੀ ਰੁਝਾਨ, ਅਤੇ ਜਿਨਸੀ ਪਛਾਣ ਸਮੇਤ); ਜਾਂ
- ਰਾਸ਼ਟਰੀ ਮੂਲ।

ELS ਬਦਲਾ ਲੈਣ ਨੂੰ ਖ਼ਤਮ ਕਰਨ ਲਈ ਵੀ ਕੰਮ ਕਰਦੀ ਹੈ, ਜੋ ਓਦੋਂ ਹੁੰਦਾ ਹੈ ਜਦੋਂ ਮਾਲਕ ਅਜਿਹੀ ਕਾਰਵਾਈ ਕਰਦਾ ਹੈ ਜੋ ਕਿਸੇ ਨੂੰ ਇਸ ਲਈ ਨੁਕਸਾਨ ਪਹੁੰਚਾਉਂਦੀ ਹੈ ਕਿਉਂਕਿ ਉਸਨੇ ਵਿਤਕਰੇ ਬਾਰੇ ਸ਼ਿਕਾਇਤ ਕੀਤੀ ਸੀ। ਇੱਕ ਸੰਘੀ ਵਿਤਕਰਾ-ਵਿਰੋਧੀ ਕਨੂੰਨ, Civil Rights Act of 1964 (1964 ਦੇ ਸਿਵਲ ਰਾਈਟਸ ਐਕਟ ਦਾ ਸਿਰਲੇਖ VII, Title VII), ਨੂੰ ਲਾਗੂ ਕਰ ਕੇ ਅਸੀਂ ਬਿਨੈਕਾਰਾਂ ਅਤੇ ਰਾਜ ਅਤੇ ਸਥਾਨਕ ਸਰਕਾਰੀ ਨੌਕਰੀਆਂ ਵਿੱਚ ਕਰਮਚਾਰੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹਾਂ।

**Title VII ਦੀਆਂ ਸੰਭਾਵੀ ਉਲੰਘਣਾਵਾਂ ਦੇ ਉਦਾਹਰਨਾਂ ਲਈ ਅਗਲਾ ਪੰਨਾ ਵੇਖੋ ਅਤੇ ELS ਦੇ ਕੰਮ ਬਾਰੇ ਹੋਰ ਜਾਣੋ।**

**The Uniformed Services Employment and Reemployment Rights Act of 1994 (ਵਰਦੀਧਾਰੀ ਸੇਵਾਵਾਂ ਦੇ ਰੁਜ਼ਗਾਰ ਅਤੇ ਮੁੜ-ਰੁਜ਼ਗਾਰ ਅਧਿਕਾਰ ਐਕਟ 1994, USERRA)**
ਇੱਕ ਹੋਰ ਸੰਘੀ ਵਿਤਕਰਾ-ਵਿਰੋਧੀ ਕਨੂੰਨ: USERRA ਨੂੰ ਲਾਗੂ ਕਰ ਕੇ ਅਸੀਂ ਮਿਲਟਰੀ ਸੇਵਾ ਦੇ ਮੈਂਬਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਵੀ ਕਰਦੇ ਹਾਂ। ਇਹ ਕਨੂੰਨ ਕਰਮਚਾਰੀਆਂ ਦੁਆਰਾ ਕਿਸੇ ਵਿਅਕਤੀ ਦੇ ਅਤੀਤ, ਮੌਜੂਦਾ ਜਾਂ ਭਵਿੱਖੀ ਫੌਜੀ ਸਥਿਤੀ, ਸੇਵਾ, ਜਾਂ ਫ਼ਰਜ਼ ਦੇ ਕਾਰਨ ਉਸਦੇ ਨਾਲ ਵਿਤਕਰਾ ਕਰਨ ਨੂੰ ਗੈਰ-ਕਨੂੰਨੀ ਬਣਾਉਂਦਾ ਹੈ। USERRA ਦੇ ਤਹਿਤ ਅਕਸਰ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਸੇਵਾ ਦੇ ਕਿਸੇ ਮੈਂਬਰ ਦੁਆਰਾ ਮਿਲਟਰੀ ਸੇਵਾ ਦੀ ਮਿਆਦ ਪੂਰੀ ਕਰਨ ਤੋਂ ਬਾਅਦ ਉਸਦਾ ਮਾਲਕ ਉਸਦੀ ਨਾਗਰਿਕ ਨੌਕਰੀ 'ਤੇ ਉਸਨੂੰ ਵਾਪਸ ਭੇਜੇ।

**Executive Order 11246 (ਇਗਜ਼ੈਕਿਉਟਿਵ ਆਰਡਰ 11246)**
ELS ਇਗਜ਼ੈਕਿਉਟਿਵ ਆਰਡਰ 11246 ਲਾਗੂ ਕਰਦੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸੰਘੀ ਠੇਕੇਦਾਰ ਅਤੇ ਉਪ-ਠੇਕੇਦਾਰ ਨਸਲ, ਰੰਗ, ਧਰਮ, ਲਿੰਗ (ਗਰਭ ਅਵਸਥਾ ਅਤੇ ਸੰਬੰਧਿਤ ਸਥਿਤੀਆਂ, ਜਿਨਸੀ ਰੁਝਾਨ, ਅਤੇ ਜਿਨਸੀ ਪਛਾਣ ਸਮੇਤ), ਜਾਂ ਰਾਸ਼ਟਰੀ ਮੂਲ ਦੇ ਕਾਰਨ ਆਪਣੇ ਨੌਕਰੀ ਦੇ ਫੈਸਲਿਆਂ ਵਿੱਚ ਵਿਤਕਰਾ ਨਹੀਂ ਕਰ ਸਕਦੇ।

U.S. Department of Justice
Civil Rights Division

## Title VII ਦੀਆਂ ਸੰਭਾਵੀ ਉਲੰਘਣਾਵਾਂ ਦੇ ਉਦਾਹਰਨ

- ਇੱਕ ਸਿਟੀ ਪੁਲਿਸ ਡਿਪਾਰਟਮੈਂਟ ਦੀ ਨੀਤੀ ਕਹਿੰਦੀ ਹੈ ਕਿ ਮਹਿਲਾ ਅਫ਼ਸਰ ਤਿੰਨ ਮਹੀਨੇ ਦੀ ਗਰਭਵਤੀ ਹੋਣ ਤੋਂ ਬਾਅਦ ਗਸ਼ਤ 'ਤੇ ਨਹੀਂ ਜਾ ਸਕਦੀਆਂ। ਉਹ ਮਹਿਲਾ K-9 ਟ੍ਰੇਨਰਾਂ ਨੂੰ ਉਨ੍ਹਾਂ ਪੁਰਖ ਟ੍ਰੇਨਰਾਂ ਤੋਂ ਘੱਟ ਭੁਗਤਾਨ ਵੀ ਕਰਦੀ ਹੈ ਜਿਨ੍ਹਾਂ ਦਾ ਤਜਰਬਾ ਅਤੇ ਯੋਗਤਾਵਾਂ ਸਮਾਨ ਹਨ।
- ਇਕ ਫਾਇਰ ਡਿਪਾਰਟਮੈਂਟ ਨਵੇਂ ਫਾਇਰਫਾਈਟਰਜ਼ ਨੂੰ ਨਿਯੁਕਤ ਕਰਨ ਲਈ ਇੱਕ ਲਿਖਤੀ ਟੈਸਟ ਦੀ ਵਰਤੋਂ ਕਰਦਾ ਹੈ ਭਾਵੇਂ ਟੈਸਟ ਦਾ ਅਸ਼ਵੇਤ ਬਿਨੈਕਾਰਾਂ 'ਤੇ ਅਸਮਾਨ ਪ੍ਰਭਾਵ ਪੈਂਦਾ ਹੈ ਅਤੇ ਉਹ ਨੌਕਰੀ ਲਈ ਲੋੜੀਂਦੇ ਮਹੱਤਵਪੂਰਨ ਹੁਨਰਾਂ ਨਾਲ ਕਾਫ਼ੀ ਹੱਦ ਤੱਕ ਸਬੰਧਿਤ ਨਹੀਂ ਹੈ।
- ਇੱਕ ਕਾਉਂਟੀ ਪਾਰਕਸ ਡਿਪਾਰਟਮੈਂਟ ਦੇ ਇੱਕ ਸੁਪਰਵਾਈਜ਼ਰ ਰਾਸ਼ਟਰੀ ਮੂਲ ਦੇ ਅਧਾਰ 'ਤੇ ਇੱਕ ਚੀਨੀ ਅਮਰੀਕੀ ਕਰਮਚਾਰੀ ਨੂੰ ਪਰੇਸ਼ਾਨ ਕਰਦਾ ਹੈ, ਅਤੇ ਪਾਰਕਸ ਡਿਪਾਰਟਮੈਂਟ ਛੇੜ-ਛਾੜ ਦੀ ਰੋਕਥਾਮ ਜਾਂ ਉਸਨੂੰ ਦੂਰ ਨਹੀਂ ਕਰਦਾ।
- ਇੱਕ ਸਟੇਟ ਹੈਲਥ ਡਿਪਾਰਟਮੈਂਟ ਭੁਗਤਾਨ ਨਾ ਕੀਤੇ ਜਾਣ ਵਾਲੇ ਬ੍ਰੇਕ ਦੇ ਸਮੇਂ ਦੇ ਦੌਰਾਨ ਮੁਸਲਮਾਨ ਕਰਮਚਾਰੀਆਂ ਦੁਆਰਾ ਨਮਾਜ਼ ਅਦਾ ਕਰਨ 'ਤੇ ਪਾਬੰਦੀ ਲਗਾਉਂਦਾ ਹੈ।

### ELS ਨਾਲ ਸੰਪਰਕ ਕਰੋ

202-514-3831
TTY: 202-514-6780

ELS.Outreach@usdoj.gov

*ਕਿਰਪਾ ਕਰਕੇ ਨੋਟ ਕਰੋ ਕਿ ਅਸੀਂ ਕਨੂੰਨੀ ਸਲਾਹ ਨਹੀਂ ਦੇ ਸਕਦੇ।*

**ਇੱਥੇ ਹੋਰ ਜਾਣੋ: www.justice.gov/crt/employment-litigation-section**

## ਵਿਤਕਰੇ ਜਾਂ ਬਦਲੇ ਦੀ ਸ਼ਿਕਾਇਤ ਦਰਜ ਕਰੋ

ਵਿਤਕਰੇ ਅਤੇ ਬਦਲੇ ਨੂੰ ਗੈਰ-ਕਨੂੰਨੀ ਬਣਾਉਣ ਵਾਲੇ ਕਨੂੰਨਾਂ ਲਈ ਇਹ ਵੀ ਜ਼ਰੂਰੀ ਹੈ ਕਿ ਸ਼ਿਕਾਇਤ ਤੁਰੰਤ ਦਰਜ ਕਰਵਾਈ ਜਾਵੇ ਤਾਂ ਜੋ ਸਹੀ ਸੰਘੀ ਏਜੰਸੀ ਜਾਂਚ ਕਰ ਸਕੇ। ਜੇਕਰ ਤੁਸੀਂ ਸਮੇਂ ਸਿਰ ਸ਼ਿਕਾਇਤ ਦਰਜ ਨਹੀਂ ਕਰਦੇ, ਤਾਂ ਤੁਸੀਂ ਆਪਣੇ ਹੱਕ ਗੁਆ ਸਕਦੇ ਹੋ, ਅਤੇ ELS ਨਾਲ ਸੰਪਰਕ ਕਰਨਾ ਇਨ੍ਹਾਂ ਸਖ਼ਤ ਸਮਾਂ ਸੀਮਾਵਾਂ ਲਈ ਵਕਤ ਨੂੰ ਨਹੀਂ ਰੋਕੇਗਾ। ਇਹ ਉਹ ਸੰਘੀ ਏਜੰਸੀਆਂ ਹਨ ਜਿੱਥੇ ਵਿਤਕਰੇ ਜਾਂ ਬਦਲੇ ਦੀ ਸ਼ਿਕਾਇਤ ਦਰਜ ਕੀਤੀ ਜਾਣੀ ਚਾਹੀਦੀ ਹੈ, ਅਤੇ ਉਹਨਾਂ ਤੱਕ ਕਿਵੇਂ ਪਹੁੰਚਣਾ ਹੈ।

| | | |
|---|---|---|
| Title VII | U.S. Equal Employment Opportunity Commission (ਯੂ.ਐੱਸ. ਸਮਾਨ ਰੁਜ਼ਗਾਰ ਅਵਸਰ ਕਮਿਸ਼ਨ) | www.eeoc.gov<br>1-800-669-4000<br>TDD: 800-669-6820 |
| USERRA | U.S. Department of Labor, Veterans' Employment and Training Service (ਯੂ. ਐੱਸ. ਡਿਪਾਰਟਮੈਂਟ ਔਫ਼ ਲੇਬਰ, ਤਜਰਬੇਕਾਰ ਫ਼ੌਜੀਆਂ ਲਈ ਰੁਜ਼ਗਾਰ ਅਤੇ ਸਿਖਲਾਈ ਸੇਵਾ) | www.dol.gov/agencies/vets<br>1-866-237-0275<br>ਰਿਲੇ ਸੇਵਾਵਾਂ ਲਈ 7-1-1 |
| Executive Order 11246 (ਇਗਜ਼ੈਕਿਉਟਿਵ ਆਰਡਰ 11246) | U.S. Department of Labor, Office of Federal Contract Compliance Programs (ਯੂ. ਐੱਸ. ਡਿਪਾਰਟਮੈਂਟ ਔਫ਼ ਲੇਬਰ, ਆਫ਼ਿਸ ਆਫ਼ ਫੈਡਰਲ ਕੰਟਰੈਕਟ ਕਮਪਲਾਇਅੰਸ ਪ੍ਰੋਗਰਾਮਸ) | www.dol.gov/agencies/ofccp<br>1-800-397-6251<br>ਰਿਲੇ ਸੇਵਾਵਾਂ ਲਈ 7-1-1 |